# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 23.08.2024 ਨੂੰ ਸਵੇਰੇ 11.00 ਵਜੇ

| Sr. No. | Resolution No. & Date | Resolution Details | Please specify under which point of instructions dated 10.10.2022 this resolution is covered | Comments of Commissioner/ E.O. |
|---|---|---|---|---|
| 1 | 310<br>23.08.2024 | ਏਜੰਡਾ ਨੰਬਰ 4:<br>ਰਿਪੋਰਟ ਬਿਲਡਿੰਗ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵਿਖੇ ਐਸ.ਟੀ.ਪੀ. ਫੀਲਡ ਦੀ 1 ਆਸਾਮੀ ਅਤੇ 2 ਅਸਿਸਟੈਂਟ ਆਰਕੀਟੈਕਟ ਦੀਆਂ ਆਸਾਮੀਆਂ ਮੋਜੂਦ ਹਨ। ਜਦਕਿ ਨਗਰ ਨਿਗਮ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿਖੇ ਐਸ.ਟੀ.ਪੀ. ਫੀਲਡ ਦੀਆਂ 2 ਆਸਾਮੀਆਂ ਮੋਜੂਦ ਹਨ। ਕਿਉਂ ਜੋ ਹੁਣ ਨਗਰ ਨਿਗਮਾਂ ਵਿਖੇ ਆਨਲਾਈਨ ਨਕਸ਼ਿਆਂ ਦਾ ਪੋਰਟਲ ਚਾਲੂ ਹੋ ਗਿਆ ਹੈ ਅਤੇ ਐਨ.ਓ.ਸੀ. ਦਾ ਕੰਮ ਵੀ ਪਹਿਲਾਂ ਤੋਂ ਕਾਫੀ ਜਿਆਦਾ ਵੱਧ ਗਿਆ ਹੈ। ਸੋ ਨਗਰ ਨਿਗਮ ਬਠਿੰਡਾ ਵਿਖੇ 1 ਐਸ.ਟੀ.ਪੀ. ਫੀਲਡ ਅਤੇ 2 ਹੋਰ ਅਸਿਸਟੈਂਟ ਆਰਕੀਟੈਕਟ ਦੀਆਂ ਆਸਾਮੀਆਂ ਮੰਨਜ਼ੂਰ ਕੀਤੀਆਂ ਜਾਣੀਆਂ ਬਣਦੀਆਂ ਹਨ ਤਾਂ ਜੋ ਪ੍ਰਾਪਤ ਹੋ ਰਹੀਆਂ ਦਰਖਾਸਤਾਂ ਦਾ ਸਮੇਂ ਸਿਰ ਅਤੇ ਸੁਚੱਜੇ ਢੰਗ ਨਾਲ ਨਿਪਟਾਰਾ ਕੀਤਾ ਜਾ ਸਕੇ।<br>ਸੋ, ਉਕਤ ਦੇ ਮੱਦੇ ਨਜ਼ਰ 1 ਪੋਸਟ ਐਸ.ਟੀ.ਪੀ. ਫੀਲਡ ਅਤੇ 2 ਹੋਰ ਪੋਸਟਾਂ ਅਸਿਸਟੈਂਟ ਆਰਕੀਟੈਕਟ ਦੀਆਂ ਨਗਰ ਨਿਗਮ ਬਠਿੰਡਾ ਵਿਖੇ ਮੰਨਜ਼ੂਰ ਕਰਵਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।<br>ਮਤਾ ਨੰਬਰ 310: ਇਕ ਐਸ.ਟੀ.ਪੀ. (ਫੀਲਡ), ਇੱਕ ਅਸਿਸਟੈਂਟ ਆਰਕੀਟੈਕਟ ਅਤੇ ਇੱਕ ਸਹਾਇਕ ਨਗਰ ਯੋਜਨਾਕਾਰ ਦੀ ਆਸਾਮੀ ਦੀ ਰਚਨਾ ਕਰਨ ਉਪਰੰਤ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। | **g)<br>ਅਜਿਹਾ ਕੰਮ ਜਿਸ ਦੀ ਸਰਕਾਰ ਪੱਧਰ ਤੇ ਨੋਟੀਫਿਕੇਸ਼ਨ ਲੋੜੀਂਦੀ ਹੋਵੇ।** | **The need of the said additional post creation is owing to increasing work load arising out of expanded municipal limits.** |
| 2 | 319<br>23.08.2024 | ਏਜੰਡਾ ਨੰਬਰ 13 :<br>ਦਫਤਰੀ ਰਿਪੋਰਟ ਕਿ ਨਗਰ ਨਿਗਮ ਦੀਆਂ ਹੇਠ ਲਿਖੇ ਅਨੁਸਾਰ ਸਟਾਫ ਕਾਰਾਂ ਦੀ 15 ਸਾਲਾਂ ਦੀ ਮਿਆਦ ਪੂਰੀ ਹੋਣ | **h)<br>ਸਟਾਫ ਦੀ ਦਫਤਰੀ** | **The new staff cars are needed to** |

| | | | | |
|---|---|---|---|---|
| | | ਉਪਰੰਤ ਇਹਨਾਂ ਦੀ ਬੀਮਾ ਰੀਨਿਊ ਨਹੀਂ ਕਰਵਾਇਆ ਜਾ ਸਕਦਾ। ਇਸਤੋਂ ਇਲਾਵਾ ਇਹਨਾਂ ਨੂੰ ਚਲਾਉਣਾ ਗੈਰ ਕਾਨੂੰਨੀ ਹੈ। ਇਹ ਵੀ ਦਸਣਯੋਗ ਹੈ ਕਿ ਅੰਬੇਸਡਰ ਕੰਪਨੀ ਦੇ ਬੰਦ ਹੋਣ ਕਾਰਨ ਇਹਨਾਂ ਕਾਰਾਂ ਦਾ ਲੋੜੀਂਦਾ ਰਿਪੇਅਰ ਦਾ ਸਮਾਨ ਉਪਲਬੱਧ ਨਾ ਹੋਣ ਕਰਕੇ ਵੀ ਬਹੁਤ ਦਿੱਕਤ ਪੇਸ਼ ਆ ਰਹੀ ਹੈ। ਇਸ ਲਈ ਯੋਗ ਹੋਵੇਗਾ ਕਿ ਹੇਠ ਲਿਖੇ ਅਨੁਸਾਰ ਸਟਾਫ ਗੱਡੀਆਂ ਨੂੰ ਕੰਡਮ ਕਰਾਰ ਦਿੱਤਾ ਜਾਵੇ ਅਤੇ ਇਹਨਾਂ ਦੀ ਜਗ੍ਹਾ ਤੇ ਚਾਰ ਬੋਲੈਰੋ ਜਾਂ ਅਰਟੀਗਾ ਗੱਡੀਆਂ ਲੈ ਲਈਆਂ ਜਾਣ। ਵਰਨਣਯੋਗ ਹੈ ਕਿ ਇਹਨਾਂ ਗੱਡੀਆਂ ਦੀ ਬਹੁਤ ਜਿਆਦਾ ਲੋੜ੍ਹ ਰਹਿੰਦੀ ਹੈ। ਜਿਵੇਂ ਕਿ ਮੌਕਾ ਦੇਖਣ ਲਈ, ਹੈਡ ਆਫਿਸ ਵਿਖੇ ਰਿਕਾਰਡ ਲੈ ਕੇ ਜਾਣ ਲਈ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਕੇਸਾਂ ਦੇ ਰਿਕਾਰਡ ਭੇਜਣ ਲਈ ਅਤੇ ਮਾਨਯੋਗ ਵਿਧਾਨ ਸਭਾ ਵਿਖੇ ਆਡਿਟ ਪੈਰ੍ਹਿਆਂ ਦੀਆਂ ਰਿਪੋਰਟ ਲੈ ਕੇ ਜਾਣ ਖਾਤਰ।<br>1. PB 03 J 0060 MODEL 2008 AMBASSADOR CAR<br>2. PB 03 X 7575 MODEL 2008 AMBASSADOR CAR<br>3. PB 03 S 2021 MODEL 2009 AMBASSADOR CAR<br>4. PB 03 L 0435 MODEL 2003 MARSHAL JEEP<br>5. PB 03 S 2020 MODEL 2009 BOLERO JEEP<br>6. PB 03 L 5700 MODEL 2003 GYPSY<br>ਉਕਤ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "May allow to declare above 6 vehicle condemned and to buy 4 Bolero Jeeps.<br>ਕੇਸ ਹਾਊਸ ਦੇ ਵਿਚਾਰ ਹਿੱਤ।<br>ਮਤਾ ਨੰਬਰ 319: ਪ੍ਰਵਾਨ ਹੈ। | **ਵਰਤੋਂ ਲਈ ਯਾਤਰੀ ਗੱਡੀਆਂ ਜਿਵੇਂ ਕਿ ਕਾਰ, ਜੀਪ ਆਦਿ ਦੀ ਖਰੀਦ ਕਰਨ ਸਬੰਧੀ ਮਤੇ। ਪਰ ਇਹ ਸ਼ਰਤ ਟਰੱਕ/ਡੰਪਰਜ਼/ਟ੍ਰੈਕਟਰਜ਼/ਮਸ਼ੀਨਰੀ ਅਤੇ ਹੋਰ ਜਰੂਰੀ ਸਾਜੋ-ਸਮਾਨ ਆਦਿ ਦੀ ਖਰੀਦ ਤੇ ਲਾਗੂ ਨਹੀਂ ਹੋਵੇਗੀ।** | **replace old vehicles as per the extant directions of Transport Department of Govt. of Punjab.** |
| 3 | 321<br>23.08.2024 | ਏਜੰਡਾ ਨੰਬਰ 15 :<br>ਦਫਤਰੀ ਰਿਪੋਰਟ ਕਿ ਗਰੱੁਪ ਸੀ ਅਤੇ ਗਰੱੁਪ ਡੀ ਕਰਮਚਾਰੀਆਂ ਦੇ ਨਵੇਂ ਰੇਟ ਅਡਾਪਟ ਕਰਨ ਸਬੰਧੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰਬਰ ਸ2-ਜਸ-ਡਸਸ-2024/31562-619 ਮਿਤੀ 24.06.2024 ਰਾਹੀਂ ਗਰੁੱਪ ਸੀ ਅਤੇ ਗਰੁੱਪ ਡੀ ਦੇ ਕਰਮਚਾਰੀਆਂ ਲਈ ਨਵੇਂ ਰੇਟ ਲਾਗੂ ਕੀਤੇ ਗਏ ਹਨ। ਇਸ ਪੱਤਰ ਵਿੱਚ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ), ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ FD-FP10MISC/72/2023/1FP1-08 ਮਿਤੀ 19.01.2024 ਦੀ ਕਾਪੀ ਵੀ ਨਾਲ ਨੱਥੀ ਕੀਤੀ ਗਈ ਹੈ। ਗਰੁੱਪ ਸੀ ਅਤੇ ਗਰੁੱਪ ਡੀ ਕਰਮਚਾਰੀਆਂ ਦੇ ਨਵੇਂ ਰੇਟਾਂ ਨੂੰ ਅਡਾਪਟ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ। | **g)<br>ਅਜਿਹਾ ਕੰਮ ਜਿਸਦੀ ਸਰਕਾਰ ਪੱਧਰ ਤੇ ਨੋਟੀਫਿਕੇਸ਼ਨ ਲੋੜੀਂਦੀ ਹੋਵੇ।** | **As per the letter dated 24.06.2024, the policy covers Adhoc, Contractual, Daily Wages, Work Charged and** |

| | | | | |
|---|---|---|---|---|
| | | ਮਤਾ ਨੰਬਰ 321: ਪ੍ਰਵਾਨ ਹੈ। ਮਜ਼ੀਦ ਇਹ ਵੀ ਪਾਸ ਕੀਤਾ ਗਿਆ ਕਿ ਇਹ ਰੇਟ ਨਗਰ ਨਿਗਮ ਵਿਖੇ ਆਉਟਸੋਰਸ ਤੇ ਕੰਮ ਕਰ ਰਹੇ ਸਾਰੇ ਕੱਚੇ ਮੁਲਾਜ਼ਮਾਂ ਤੇ ਵੀ ਲਾਗੂ ਹੋਣਗੇ। | | **Temporary Employees under Group 'C' and Group 'D'. It may kindly be clarified that the same policy is also applicable to temporary outsourced employees.** |
| 4 | 342<br>23.08.2024 | ਏਜੰਡਾ ਨੰਬਰ 36 :<br>ਦਫਤਰੀ ਰਿਪੋਰਟ ਕਿ ਮੇਅਰ, ਨਗਰ ਨਿਗਮ ਬਠਿੰਡਾ ਵਿਰੁੱਧ ਬੇ-ਭਰੋਸਗੀ ਦਾ ਮਤਾ ਨੰਬਰ 258 ਮਿਤੀ 15.11.2023 ਪਾਸ ਕੀਤਾ ਗਿਆ ਸੀ, ਜਿਸਨੂੰ ਪੁਰਵਲੇ ਮੇਅਰ ਸ਼੍ਰੀਮਤੀ ਰਮਨ ਗੋਇਲ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਖੇ CWP No. 26194 of 2023 ਰਾਹੀਂ ਚੈਲੇਂਜ਼ ਕੀਤਾ ਗਿਆ ਸੀ। ਮਾਨਯੋਗ ਹਾਈਕੋਰਟ ਵੱਲੋਂ ਇਹ ਰਿਟ ਪਟੀਸ਼ਨ ਮਿਤੀ 14.08.2024 ਨੂੰ ਡਿਸਮਿਸ ਕਰ ਦਿੱਤੀ ਹੈ।<br>ਸੀਨੀਅਰ ਡਿਪਟੀ ਮੇਅਰ-ਕਮ-ਕਾਰਜਕਾਰੀ ਮੇਅਰ ਵੱਲੋਂ ਨਿਗਮ ਦਫਤਰ ਵਿਖੇ ਮਿਤੀ 29.02.2024 ਨੂੰ ਦਰਖਾਸਤ ਦਿੱਤੀ ਗਈ ਸੀ ਕਿ ਉਸਨੂੰ ਮੇਅਰ ਦੀਆਂ ਸਾਰੀਆਂ ਸੁਵਿਧਾਵਾਂ ਜਿਵੇਂ ਕਿ ਕਮਰਾ, ਮੇਅਰ ਦੀ ਸੁਰੱਖਿਆ ਪ੍ਰਦਾਨ ਕਰਨ ਅਤੇ ਮੇਅਰ ਲਈ ਸਰਕਾਰੀ ਗੱਡੀ ਉਹਨਾਂ ਨੂੰ ਅਲਾਟ ਕਰਨ ਲਈ ਬੇਨਤੀ ਕੀਤੀ ਗਈ ਸੀ।<br>ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਾਲ ਵਿਚਾਰ ਕਰਨ ਉਪਰੰਤ ਦਸਿਆ ਗਿਆ ਕਿ ਮੇਅਰ ਨੂੰ 45000/- ਰੁਪਏ ਪ੍ਰਤੀ ਮਹੀਨਾ ਮਹੀਨਾ ਮਾਨਭੱਤਾ, 15000/- ਰੁਪਏ ਪ੍ਰਤੀ ਮਹੀਨਾ ਰਿਫਰੈਸ਼ਮੈਂਟ ਅਤੇ 290 ਲੀਟਰ ਪ੍ਰਤੀ ਮਹੀਨਾ ਗੱਡੀ ਲਈ ਤੇਲ ਮਿਲਦਾ ਹੈ।<br>ਮਾਨਯੋਗ ਹਾਈਕੋਰਟ ਵੱਲੋਂ ਉਕਤ ਰਿਟ ਪਟੀਸ਼ਨ ਦੇ ਕੀਤੇ ਨਿਪਟਾਰੇ ਅਤੇ ਸੀਨੀਅਰ ਡਿਪਟੀ ਮੇਅਰ-ਕਮ- | **k) ਜਿੰਨ੍ਹਾਂ ਮਤਿਆਂ ਸਬੰਧੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ** 1976/**ਪੰਜਾਬ ਮਿਉਂਸਪਲ ਐਕਟ** 1911 **ਜਾਂ ਇੰਨ੍ਹਾ ਅਧੀਨ ਬਣਾਏ ਗਏ ਰੂਲਾਂ ਦੇ ਉਪਬੰਧਾਂ ਅਨੁਸਾਰ ਜਾਂ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਅਨੁਸਾਰ ਸਰਕਾਰ ਦੀ** | **The office of Mayor is vacant since 15.11.2023 and Senior Deputy Mayor Sh. Ashok Kumar is acting as Mayor as per Section 40 of Punjab Municipal Corporation Act 1976. Now, Senior Deputy Mayor has requested that he shall** |

| | | | | |
|---|---|---|---|---|
| | | ਕਾਰਜਕਾਰੀ ਮੇਅਰ ਵੱਲੋਂ ਦਿੱਤੀ ਗਈ ਦਰਖਾਸਤ ਨੂੰ ਮੱਦੇਨਜ਼ਰ ਰੱਖਦੇ ਹੋਏ ਮੇਅਰ ਦੀਆਂ ਸਾਰੀਆਂ ਸੁਵਿਧਾਵਾਂ ਦੇਣ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਨਿਗਮ ਹਾਊਸ ਦੇ ਵਿਚਾਰ ਹਿੱਤ।<br>ਉਕਤ ਮੱਦ ਨੂੰ ਵਿਚਾਰਦੇ ਹੋਏ ਸ਼੍ਰੀ ਸੁਖਰਾਜ ਸਿੰਘ ਔਲਖ ਅਤੇ ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਸਾਹਿਬਾਨ ਨੇ ਇਤਰਾਜ਼ ਜਤਾਇਆ ਅਤੇ ਕਿਹਾ ਕਿ ਉਹ ਇਸ ਮੱਦ ਵਿੱਚ ਭਾਗ ਨਹੀਂ ਲੈਣਗੇ।<br>ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਜੇਕਰ ਸੀਨੀਅਰ ਡਿਪਟੀ ਮੇਅਰ ਵੱਲੋਂ ਮੇਅਰ ਦੀ ਆਸਾਮੀ ਖਾਲੀ ਹੋਣ ਕਾਰਨ ਉਹਨਾਂ ਦੀ ਥਾਂ ਤੇ ਕੰਮ ਕੀਤਾ ਜਾ ਰਿਹਾ ਹੈ ਤਾਂ ਉਹਨਾਂ ਨੂੰ ਬਣਦੇ ਅਲਾਊਂਸ ਦਿੱਤੇ ਜਾਣ।<br>ਡਿਪਟੀ ਮੇਅਰ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਕਿਸੇ ਉੱਚੀ ਆਸਾਮੀ ਦਾ ਚਾਰਜ਼ ਦਿੱਤਾ ਜਾਂਦਾ ਹੈ ਤਾਂ ਉਸਨੂੰ ਉਸ ਅਹੁੱਦੇ ਦੀ ਕੋਈ ਤਨਖਾਹ ਨਹੀਂ ਦਿੱਤੀ ਜਾਂਦੀ। ਤਨਖਾਹ ਸਿਰਫ ਉਹ ਆਪਣੇ ਅਸਲ ਅਹੁੱਦੇ ਦੀ ਹੀ ਲੈਂਦਾ ਹੈ। ਇਸ ਲਈ ਸੀਨੀਅਰ ਡਿਪਟੀ ਮੇਅਰ ਨੂੰ ਮੇਅਰ ਵਾਲਾ ਮਾਨਭੇਟਾ ਨਾ ਦੇ ਕੇ ਸਿਰਫ ਕਮਰਾ ਅਤੇ ਗੱਡੀ ਹੀ ਮੁੱਹਈਆ ਕਰਵਾਈ ਜਾਵੇ।<br>ਸ਼੍ਰੀ ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਸੀਨੀਅਰ ਡਿਪਟੀ ਮੇਅਰ ਨੂੰ ਮੇਅਰ ਦੀ ਥਾਂ ਤੇ ਕੰਮ ਕਰਨ ਸਬੰਧੀ ਬਣਦੇ ਅਲਾਊਂਸ ਦਿੱਤੇ ਜਾਣ।<br>ਮਤਾ ਨੰਬਰ 342: ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਬਠਿੰਡਾ ਵਿਖੇ ਮੇਅਰ ਦੀ ਆਸਾਮੀ ਖਾਲੀ ਹੋਣ ਕਾਰਨ ਸੀਨੀਅਰ ਡਿਪਟੀ ਮੇਅਰ ਵੱਲੋਂ ਉਹਨਾਂ ਦੀ ਥਾਂ ਤੇ ਕੰਮ ਕਰਨ ਦੇ ਬਦਲੇ ਮੇਅਰ, ਨਗਰ ਨਿਗਮ ਬਠਿੰਡਾ ਵਾਲੀਆਂ ਸੁਵਿਧਾਂਵਾਂ ਦੇਣਾ ਪਾਸ ਕੀਤਾ ਜਾਂਦਾ ਹੈ। ਪਰੰਤੂ ਇਹ ਸੁਵਿਧਾਵਾਂ ਉਸ ਸਮੇਂ ਤੋਂ ਹੀ ਲਾਗੂ ਹੋਣਗੀਆਂ, ਜਦੋਂ ਸਰਕਾਰ ਵੱਲੋਂ ਇਹ ਮਤਾ ਪ੍ਰਵਾਨ ਕਰ ਲਿਆ ਜਾਵੇਗਾ। | **ਪ੍ਰਵਾਨਗੀ ਖਾਸ ਤੋਰ ਤੇ ਲੋੜੀਂਦੀ ਹੋਵੇ।** | **be given all the facilities & honorarium as are accorded to a regular elected Mayor. In this regard, it is submitted that as per Section 38(5) of Punjab Municipal Corporation Act 1976 that "The Mayor shall be entitled to the payment of such honorarium and may be given such facilities in respect of residential accommodation, telephone, conveyance and the like as may be** |

| | | | | |
|---|---|---|---|---|
| | | | | **prescribed". However, there is no mention whether these facilities can be accorded to Senior Deputy Mayor who is acting as Mayor owing to vacancy of Mayor's post. Hence, the approval of Government is necessitated for the said resolution.** |
| 5 | 346<br>23.08.2024 | ਏਜੰਡਾ ਨੰਬਰ 40 :<br>ਦਫਤਰੀ ਰਿਪੋਰਟ ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਤੋਂ ਫਾਇਰਮੈਨ ਦੀ ਨਿਯੁਕਤੀ ਦਾ Draft Letter ਪ੍ਰਾਪਤ ਹੋਇਆ ਹੈ। ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਸੁਪਰਡੈਂਟ ਸਾਹਿਬ ਨਾਲ ਫੋਨ ਤੇ ਹੋਈ ਗੱਲ ਮੁਤਾਬਿਕ ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਉਕਤ ਨਿਯੁਕਤ ਪੱਤਰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਜਾਰੀ ਕੀਤੇ ਜਾਣਗੇ। ਸਬੰਧਤ ਕਰਮਚਾਰੀਆਂ ਦੀ ਨਿਯੁਕਤੀ ਲਈ ਹਾਊਸ ਵਿੱਚ ਮਤੇ ਦੀ ਪ੍ਰਵਾਨਗੀ ਬਾਅਦ ਵਿੱਚ ਲੈ ਲਈ ਜਾਵੇਗੀ। ਕੇਸ ਹਾਊਸ ਦੇ ਵਿਚਾਰ ਹਿੱਤ।<br>ਮਤਾ ਨੰਬਰ 346: ਪਾਸ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ ਤੇ ਦਰਜ਼ਾ-3 ਕਰਮਚਾਰੀਆਂ ਦੀਆਂ ਕੀਤੀਆਂ ਨਿਯੁਕਤੀਆਂ ਦੇ ਵਿਰੋਧ ਵਿੱਚ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੈਡਿੰਗ ਹੈ। ਇਸ ਲਈ ਇਸ ਮੱਦ ਨੂੰ ਰੱਦ ਕੀਤਾ ਜਾਂਦਾ ਹੈ। | **M(iii)<br>ਅਜਿਹੇ ਮਤੇ ਜੋ ਸਰਕਾਰ ਦੀਆ ਹਦਾਇਤਾਂ/ਪਾਲਿਸੀ ਦੇ ਉਲਟ ਹੋਣ ਅਤੇ ਜਿੰਨ੍ਹਾਂ ਨਾਲ ਸਰਕਾਰ ਨੂੰ ਨਾਮੋਸ਼ੀ ਦਾ** | **In this regard, it is submitted that the various sections of Punjab Municipal Corporation Act 1976 dealing with** |

| | | | | |
|---|---|---|---|---|
| | | | ਸਾਹਮਣਾ ਕਰਨਾ ਪਵੇ। | **the matter are :**<br><br>Sec. 71(7):<br>"In respect of a post other than those falling under sub-section (1) the power to create the same and to make appointment thereto shall vest, in the Commissioner if the maximum of the grade of that post does not exceed five hundred rupees and in the Corporation if it so exceeds:<br>Provided that no post the maximum of the grade whereof exceeds one thousand rupees shall be created |

| | | | | |
|---|---|---|---|---|
| | | | | under this sub-section save with the prior approval of the Government".<br><br>ਉਕਤ ਅਨੁਸਾਰ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(7) ਸਪਸ਼ਟ ਤੋਰ ਤੇ ਕਹਿੰਦਾ ਹੈ ਕਿ ਆਸਾਮੀਆਂ ਦੀ ਸਿਰਜਣਾ ਦੀ ਸ਼ਕਤੀ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਨਗਰ ਨਿਗਮ ਪਾਸ ਹੈ।<br><br>ਇੰਨ੍ਹਾਂ ਆਸਾਮੀਆਂ ਤੇ ਕਿਸੇ ਵੀ ਵਿਅਕਤੀ ਦੀ ਭਰਤੀ ਅਤੇ ਨਿਯੁਕਤੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ |

| | | | | | |
|---|---|---|---|---|---|
| | | | | | 71(8) ਅਤੇ 71(9) ਤਹਿਤ ਕੀਤੀ ਜਾਂਦੀ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:<br><br>Sec. 71(8):“Notwithstanding anything contained in any other law for the time being in force in consultation with the Punjab Public Service Commission shall not be necessary in the case of appointment to any post referred to in this section but appointment to any such post in intitial pay whereof exceeds the prescribed limit shall be made |

| | | | | |
|---|---|---|---|---|
| | | | | on the recommendation of a selection committee constituted by the Government in that behald and where the appointing authority does not agree with the recommendation of the selection committee the matter shall be referred to the Government for decision.<br><br>Sec. 71(9):<br>"In making any appointment to any post referred to in this section, the appointing authority shall follow the |

| | | | | |
|---|---|---|---|---|
| | | | | instructions issued by the Government from time to time in relation to reservation of appointments or posts for Scheduled Castes, Backward Classes and any other special category of persons”.<br><br>ਉਕਤ ਪ੍ਰੋਵੀਜ਼ਨਾਂ ਅਨੁਸਾਰ, ਇਸ ਕੇਸ ਵਿੱਚ ਅਪਾਇੰਟਿੰਗ ਅਥਾਰਟੀ ਹਾਊਸ ਹੈ, ਜਿਸ ਵੱਲੋਂ ਸਰਕਾਰ ਦੀਆਂ ਸਿਫਾਰਸ਼ਾਂ ਅਨੁਸਾਰ ਭਰਤੀ ਕੀਤੀ ਜਾਣੀ ਹੁੰਦੀ ਹੈ। ਜੇਕਰ ਹਾਊਸ ਵੱਲੋਂ ਸਰਕਾਰ ਦੀਆਂ ਸਿਫਾਰਸ਼ਾਂ ਦਾ ਸਨਮਾਨ ਨਾ ਕਰਨ |

| | | | | |
|---|---|---|---|---|
| | | | | ਦਾ ਮਤਾ ਪਾਇਆ, ਤਾਂ ਇਹ ਮਾਮਲਾ ਫੈਸਲੇ ਲਈ ਸਰਕਾਰ ਪਾਸ ਭੇਜਿਆ ਜਾਵੇਗਾ।<br><br>ਇਸ ਕੇਸ ਵਿੱਚ ਹਾਊਸ ਦੀ ਰਾਏ ਅਨੁਸਾਰ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਦੇ ਉਪਬੰਧਾਂ ਅਨੁਸਾਰ ਅੰਤਿਮ ਫੈਸਲਾ ਲੈਣ ਲਈ ਕੇਸ ਸਰਕਾਰ ਪਾਸ ਭੇਜਿਆ ਜਾਂਦਾ ਹੈ। ਨਗਰ ਨਿਗਮ ਵਿਖੇ ਯੋਗ ਕਰਮਚਾਰੀਆਂ ਦੀ ਲੋੜ੍ਹ ਨੂੰ ਦੇਖਦੇ ਹੋਏ ਮਤਾ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 6 | 347<br>23.08.2024 | ਏਜੰਡਾ ਨੰਬਰ 41 :<br>ਦਫਤਰੀ ਰਿਪੋਰਟ ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਤੋਂ ਆਈ.ਟੀ. ਕਲੱਰਕ ਦੀ ਨਿਯੁਕਤੀ ਦਾ Draft Letter ਪ੍ਰਾਪਤ ਹੋਇਆ ਹੈ। ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਸੁਪਰਡੈਂਟ ਸਾਹਿਬ ਨਾਲ ਫੋਨ ਤੇ ਹੋਈ ਗੱਲ | **M(iii)**<br>**ਅਜਿਹੇ ਮਤੇ ਜੋ ਸਰਕਾਰ ਦੀਆ** | **In this regard, it is submitted that the** |

| | | | | |
|---|---|---|---|---|
| | | ਮੁਤਾਬਿਕ ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਉਕਤ ਨਿਯੁਕਤ ਪੱਤਰ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਇਸਤੇ ਦਸਤਖਤ ਕਰਵਾ ਕੇ ਕਰਮਚਾਰਨ ਨੂੰ ਦਿੱਤੇ ਜਾਣ। ਕੇਸ ਹਾਊਸ ਦੇ ਵਿਚਾਰ ਹਿੱਤ।<br>ਮਤਾ ਨੰਬਰ 347: ਪਾਸ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ ਤੇ ਦਰਜ਼ਾ-3 ਕਰਮਚਾਰੀਆਂ ਦੀਆਂ ਕੀਤੀਆਂ ਨਿਯੁਕਤੀਆਂ ਦੇ ਵਿਰੋਧ ਵਿੱਚ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪੈਡਿੰਗ ਹੈ। ਇਸ ਲਈ ਇਸ ਮੱਦ ਨੂੰ ਰੱਦ ਕੀਤਾ ਜਾਂਦਾ ਹੈ। | **ਹਦਾਇਤਾਂ/ਪਾਲਿਸੀ ਦੇ ਉਲਟ ਹੋਣ ਅਤੇ ਜਿੰਨ੍ਹਾਂ ਨਾਲ ਸਰਕਾਰ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਵੇ।** | **various sections of Punjab Municipal Corporation Act 1976 dealing with the matter are :**<br>Sec. 71(7):<br>"In respect of a post other than those falling under sub-section (1) the power to create the same and to make appointment thereto shall vest, in the Commissioner if the maximum of the grade of that post does not exceed five hundred rupees and in the Corporation if it so exceeds:<br><br>Provided that no post the |

| | | | | |
|---|---|---|---|---|
| | | | | maximum of the grade whereof exceeds one thousand rupees shall be created under this sub-section save with the prior approval of the Government".<br><br>ਉਕਤ ਅਨੁਸਾਰ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(7) ਸਪਸ਼ਟ ਤੋਰ ਤੇ ਕਹਿੰਦਾ ਹੈ ਕਿ ਆਸਾਮੀਆਂ ਦੀ ਸਿਰਜਣਾ ਦੀ ਸ਼ਕਤੀ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਨਗਰ ਨਿਗਮ ਪਾਸ ਹੈ।<br><br>ਸਾਲ 2021 ਦੋਰਾਨ ਨਗਰ ਨਿਗਮ ਵਿਖੇ ਕਲੱਰਕਾਂ ਦੀਆਂ 36 ਪੋਸਟਾਂ ਖਾਲੀ ਸਨ |

| | | | | |
|---|---|---|---|---|
| | | | | ਅਤੇ ਇਹਨਾਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਪਾਸ ਸੁਚਨਾਂ ਭੇਜੀ ਗਈ ਸੀ। ਇੰਨ੍ਹਾਂ ਆਸਾਮੀਆਂ ਤੇ ਕਿਸੇ ਵੀ ਵਿਅਕਤੀ ਦੀ ਭਰਤੀ ਅਤੇ ਨਿਯੁਕਤੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਅਤੇ 71(9) ਤਹਿਤ ਕੀਤੀ ਜਾਂਦੀ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:<br><br>Sec. 71(8): "Notwithstanding anything contained in any other law for the time being in force in consultation with the Punjab Public Service Commission |

| | | | | |
|---|---|---|---|---|
| | | | | shall not be necessary in the case of appointment to any post referred to in this section but appointment to any such post in intitial pay whereof exceeds the prescribed limit shall be made on the recommendation of a selection committee constituted by the Government in that behald and where the appointing authority does not agree with the recommendation of the selection committee the matter shall be referred to the Government for |

| | | | | |
|---|---|---|---|---|
| | | | | decision.<br><br>Sec. 71(9):<br>"In making any appointment to any post referred to in this section, the appointing authority shall follow the instructions issued by the Government from time to time in relation to reservation of appointments or posts for Scheduled Castes, Backward Classes and any other special category of persons".<br><br><br>ਉਕਤ ਪ੍ਰੋਵੀਜ਼ਨਾਂ ਅਨੁਸਾਰ, ਇਸ ਕੇਸ ਵਿੱਚ ਅਪਾਇੰਟਿੰਗ |

| | | | | |
|---|---|---|---|---|
| | | | | ਅਥਾਰਟੀ ਹਾਊਸ ਹੈ, ਜਿਸ ਵੱਲੋਂ ਸਰਕਾਰ ਦੀਆਂ ਸਿਫਾਰਸ਼ਾਂ ਅਨੁਸਾਰ ਭਰਤੀ ਕੀਤੀ ਜਾਣੀ ਹੁੰਦੀ ਹੈ। ਜੇਕਰ ਹਾਊਸ ਵੱਲੋਂ ਸਰਕਾਰ ਦੀਆਂ ਸਿਫਾਰਸ਼ਾਂ ਦਾ ਸਨਮਾਨ ਨਾ ਕਰਨ ਦਾ ਮਤਾ ਪਾਇਆ, ਤਾਂ ਇਹ ਮਾਮਲਾ ਫੈਸਲੇ ਲਈ ਸਰਕਾਰ ਪਾਸ ਭੇਜਿਆ ਜਾਵੇਗਾ।<br>ਇਸ ਕੇਸ ਵਿੱਚ ਹਾਊਸ ਦੀ ਰਾਏ ਅਨੁਸਾਰ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਦੇ ਉਪਬੰਧਾਂ ਅਨੁਸਾਰ ਅੰਤਿਮ ਫੈਸਲਾ ਲੈਣ ਲਈ ਕੇਸ ਸਰਕਾਰ ਪਾਸ ਭੇਜਿਆ ਜਾਂਦਾ ਹੈ। ਨਗਰ ਨਿਗਮ ਵਿਖੇ ਯੋਗ ਕਰਮਚਾਰੀਆਂ ਦੀ ਲੋੜ੍ਹ ਨੂੰ ਦੇਖਦੇ ਹੋਏ ਮਤਾ ਪਾਸ |

| | | | | |
|---|---|---|---|---|
| | | | | ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
| 7 | 351<br>23.08.2024 | ਏਜੰਡਾ ਨੰਬਰ 45:<br>ਦਫਤਰੀ ਰਿਪੋਰਟ ਕਿ ਕਰਮਚਾਰੀਆਂ ਨਾਲ ਸਬੰਧਤ ਕੇਸਾਂ ਤੇ ਫੈਸਲਾ ਲੈਣ ਲਈ ਸਬ-ਕਮੇਟੀ ਦੀ ਮੀਟਿੰਗ ਮਿਤੀ 04.03.2024 ਵਿੱਚ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ਹਨ:<br>1:<br>ਦਫਤਰੀ ਰਿਪੋਰਟ ਕਿ ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਪ੍ਰੀਤਮ ਸਿੰਘ, ਲੀਡਿੰਗ ਫਾਇਰਮੈਨ, ਨਗਰ ਨਿਗਮ ਬਠਿੰਡਾ ਨੇ ਦਰਖਾਸਤ ਡਾਇਰੀ ਨੰਬਰ 9306 ਮਿਤੀ 27.12.2023 ਰਾਹੀਂ ਬੇਨਤੀ ਕੀਤੀ ਹੈ ਕਿ ਉਹਨਾਂ ਦੀ ਸਿਹਤ ਠੀਕ ਨਹੀਂ ਰਹਿੰਦੀ, ਜਿਸ ਕਾਰਨ ਡਿਊਟੀ ਕਰਨ ਵਿੱਚ ਬਹੁਤ ਪਰੇਸ਼ਾਨੀ ਹੋ ਰਹੀ ਹੈ। ਉਹਨਾਂ ਨੇ ਇਸ ਪੱਤਰ ਰਾਹੀਂ 3 ਮਹੀਨੇ ਦਾ ਨੋਟਿਸ ਦੇਣ ਉਪਰੰਤ ਮਿਤੀ 31.03.2024 ਤੱਕ ਡਿਊਟੀ ਤੋਂ ਰਿਟਾਇਰ ਕਰਨ ਦੀ ਮੰਗ ਕੀਤੀ ਹੈ।<br>ਪੰਜਾਬ ਸਿਵਲ ਸਰਵਿਸਜ਼ ਦੇ ਨਿਯਮਾਂ ਅਨੁਸਾਰ ਕੋਈ ਵੀ ਕਰਮਚਾਰੀ ਅਧਿਕਾਰੀ/20 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ ਤਿੰਨ ਮਹੀਨੇ ਦਾ ਅਗਾਊ ਨੋਟਿਸ ਦੇ ਕੇ ਪ੍ਰੀਮੈਚਿਊਰ ਰਿਟਾਇਰਮੈਂਟ ਲੈ ਸਕਦਾ ਹੈ। ਕਰਮਚਾਰੀ ਦੀ ਨਿਯੁਕਤ ਨਗਰ ਕੌਂਸਲ ਰਾਮਪੁਰਾ ਵਿਖੇ - ਮਿਤੀ01.10.1986 ਨੂੰ ਬਤੌਰ ਫਾਇਰਮੈਨ ਹੋਈ ਸੀ। ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਫਿਰੋਜ਼ਪੁਰ ਦੇ ਹੁਕਮ ਨੰਬਰ 71 ਮਿਤੀ 20.12.1991 ਰਾਹੀਂ ਕਰਮਚਾਰੀ ਦੀ ਬਦਲੀ ਨਗਰ ਕੌਂਸਲ ਰਾਮਪੁਰਾ ਫੂਲ ਤੋਂ ਨਗਰ ਕੌਂਸਲ ਬਠਿੰਡਾ ਵਿਖੇ ਕੀਤੀ ਗਈ ਸੀ। ਸੋ, ਕਰਮਚਾਰੀ ਦੀ ਸਵੈ-ਇੱਛੁਕ ਸੇਵਾ ਮੁਕਤੀ ਲਈ ਤਿੰਨ ਮਹੀਨੇ ਦੇ ਅਗਾਊ ਨੋਟਿਸ ਦੇਣ ਉਪਰੰਤ ਮਿਤੀ 31.03.2024 ਨੂੰ ਡਿਊਟੀ ਤੋਂ ਰਿਟਾਇਰ ਕੀਤਾ ਜਾ ਸਕਦਾ ਹੈ। ਕਰਮਚਾਰੀ ਨੂੰ ਸਵੈ-ਇਛੁੱਕ ਸੇਵਾ ਮੁਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।<br>ਸਬ-ਕਮੇਟੀ ਦਾ ਫੈਸਲਾ: ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br><br>2 :<br>ਰਿਪੋਰਟ ਸਿਹਤ ਸ਼ਾਖਾ ਕਿ ਸਵ: ਰਾਮ ਦਾਸ ਪੁੱਤਰ ਤਿਰਲੋਕ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਰੈਗੂਲਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸ ਦੀ ਮੋਤ ਮਿਤੀ 09.12.2023 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸਾਨੀਆ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੋਕਰੀ ਦਿੱਤੀ ਜਾਵੇ। ਸ਼੍ਰੀਮਤੀ ਸਾਨੀਆ ਪਤਨੀ ਸਵ: ਰਾਮ ਦਾਸ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੇ ਤਿੰਨ ਬੱਚੇ ਜੋ ਕਿ ਨਾ-ਬਾਲਗ ਹਨ। ਸ਼੍ਰੀਮਤੀ ਸਾਨੀਆ ਅਤੇ | **k)**<br>**ਜਿੰਨ੍ਹਾਂ ਮਤਿਆਂ ਸਬੰਧੀ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ** 1976/**ਪੰਜਾਬ ਮਿਊਂਸਪਲ ਐਕਟ** 1911 **ਜਾਂ ਇੰਨ੍ਹਾ ਅਧੀਨ ਬਣਾਏ ਗਏ ਰੂਲਾਂ ਦੇ ਉਪਬੰਧਾਂ ਅਨੁਸਾਰ ਜਾਂ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਅਨੁਸਾਰ ਸਰਕਾਰ ਦੀ ਪ੍ਰਵਾਨਗੀ ਖਾਸ ਤੋਰ ਤੇ ਲੋੜੀਂਦੀ ਹੋਵੇ।** | **Sent for approval of Resolution.** |

| | | | | |
|---|---|---|---|---|
| | | ਉਸਦੇ ਤਿੰਨ ਨਾ-ਬਾਲਿਗ ਬੱਚੇ ਉਸਦੇ ਪਤੀ ਤੇ ਨਿਰਭਰ ਕਰਦੇ ਸਨ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਸਾਨੀਆ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚਲਦਾ ਹੈ। ਇਸ ਤੋਂ ਇਲਾਵਾ ਸ਼੍ਰੀਮਤੀ ਸਾਨੀਆ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ ਅਤੇ ਉਹ ਪੜ੍ਹਨਾ ਲਿਖਣਾ ਜਾਣਦੀ ਹੈ। ਹਲਫੀਆ ਬਿਆਨ ਅਨੁਸਾਰ ਇਸਦੀ ਜਨਮ ਮਿਤੀ ਆਧਾਰ ਕਾਰਡ ਅਨੁਸਾਰ 01.01.1995 ਹੈ।<br>ਪੰਜਾਬ ਮਿਊਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲਈ ਵਿਿਦਅਕ ਯੋਗਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11//94/2002-4ਪੀਪੀ-11/650 ਮਿਤੀ 12.04.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/203-1ਸਸ1/9653 ਮਿਤੀ 12/14-06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਸਾਨੀਆ ਨੂੰ ਉਸਦੇ ਪਤੀ ਸਵ: ਰਾਮਦਾਸ ਪੁੱਤਰ ਤਿਰਲੋਕ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਮਾਨਯੋਗ ਕਮਿਸ਼ਨਰ ਜੀ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ (ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮ.ਸੀ. ਤੋਂ ਰਿਪੋਰਟ ਲੈਣ ਲਈ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।<br>ਰਿਪੋਰਟ ਅਨੁਸਾਰ ਮੁੱਹਲੇ ਵਿੱਚੋਂਪੜਤਾਲ ਕੀਤੀ ਗਈ ਅਤੇ ਪਾਇਆ ਗਿਆ ਕਿ ਇਸ ਪਰਿਵਾਰ ਦਾ ਕੋਈ ਮੈਂਬਰ ਸਰਕਾਰੀ/ਅੱਧ ਸਰਕਾਰੀ ਨੌਕਰੀ ਨਹੀਂ ਕਰਦਾ। ਉਕਤ ਰਾਮ ਦਾਸ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਹੈ। ਇਸ ਲਈ ਸਾਨੀਆ ਪਤਨੀ ਰਾਮ ਦਾਸ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br><br>ਉਕਤ ਅਨੁਸਾਰ ਸ਼੍ਰੀਮਤੀ ਸਾਨੀਆ ਪਤਨੀ ਸਵ: ਰਾਮ ਦਾਸ ਪੁੱਤਰ ਤਿਰਲੋਕ ਨੂੰ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਸਫਾਈ ਸੇਵਕ ਨਿਯੁਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।<br><br>ਸਬ-ਕਮੇਟੀ ਦਾ ਫੈਸਲਾ: ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br><br>3 : | | |

| | | | | |
|---|---|---|---|---|
| | | ਰਿਪੋਰਟ ਸਿਹਤ ਸ਼ਾਖਾ ਕਿ ਸਵ ਰਮੇਸ਼ ਪੁੱਤਰ ਰਾਮ ਕਿਸ਼ਨ ਸਰਵਿਸ ਨੰਬਰ :741 ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸਦੀ ਮੌਤ ਮਿਤੀ 10.08.2022 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਸੁਨੀਲ ਪੁੱਤਰ ਸ਼੍ਰੀ ਰਮੇਸ਼ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੁਨੀਲ ਪੁੱਤਰ ਸ਼੍ਰੀ ਰਮੇਸ਼ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸਦੀ ਮਾਤਾ, ਇੱਕ ਭੈਣ ਅਤੇ ਇੱਕ ਭਰਾ ਹੈ। ਜਿੰਨ੍ਹਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਸੁਨੀਲ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੁਨੀਲ ਅਤੇ ਉਸਦਾ ਪੂਰਾ ਪਰਿਵਾਰ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸੁਨੀਲ ਬੇਰੋਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇੰਨ੍ਹਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇੰਨ੍ਹਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰਸਰਕਾਰੀ ਨੌਕਰੀ ਨਹੀਂ ਕਰਦਾ ਹੈ। ਇਸਤੋਂ ਇਲਾਵਾ ਇਸ - ਜਨਮ ਮਿ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਇਸਦੀਤੀ 01.01.2000 ਹੈ ਅਤੇ ਸ਼੍ਰੀ ਸੁਨੀਲ ਪੜ੍ਹਨਾ ਲਿਖਣਾ ਜਾਣਦਾ ਹੈ। ਨਿਗਰਾਨ ਇੰਜੀਨੀਅਰ ਸਾਹਿਬ ਦੀ ਰਿਪੋਰਟ ਮਿਤੀ 26.06.2023 ਰਾਹੀਂ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਵਿਚਾਰਨ ਲਈ ਪਾਸ ਕੀਤਾ ਗਿਆ ਹੈ। <u>ਇੱਥੇ ਇਹ ਦਸਣਯੋਗ ਹੈ ਕਿ ਸ਼੍ਰੀ ਸੁਨੀਲ ਵੱਲੋਂ ਨੌਕਰੀ ਸਬੰਧੀ ਦਿੱਤੀ ਦਰਖਾਸਤ ਜੋ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ 6 ਮਹੀਨੇ ਅੰਦਰ ਦੇਣੀ ਹੁੰਦੀ ਹੈ। ਇੰਨ੍ਹਾਂ ਨੇ ਆਪਣੇ ਘਰੇਲੂ ਨਿੱਜੀ ਕਾਰਨਾਂ ਕਰਕੇ ਫਾਇਲ ਲੇਟ ਅਪਲਾਈ ਕੀਤੀ ਹੈ ਅਤੇ ਹੁਣ ਇਹ ਦਰਖਾਸਤ ਮਿਆਦ ਅੰਦਰ ਨਹੀਂ ਹੈ।</u><br>ਪੰਜਾਬ ਮਿਉਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲਈ ਵਿਦਅਕ ਯੋਗਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11//94/2002-4ਪੀਪੀ-11/650 ਮਿਤੀ 12.04.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/203-1ਸਸ1/9653 ਮਿਤੀ 12/14-06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ। ਇਸ ਸਬੰਧੀ ਨਗਿਰਾਨ ਇੰਜੀਨੀਅਰ, ਨਗਰ ਨਗਿਮ ਬਠੰਿਡਾ ਨੇ ਰਪਿੋਰਟ ਕੀਤੀ ਹੈ ਕਿ "Deceased was the only bread earner for the family, may be allowed please." ਉਕਤ ਅਨੁਸਾਰ ਸ਼੍ਰੀ ਸੁਨੀਲ ਨੂੰ ਉਸਦੇ ਪਤਿਾ ਸਵ: ਰਮੇਸ਼ ਪੁੱਤਰ ਰਾਮ ਕਸ਼ਿਨ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤੀ ਕਰਨ ਵਾਸਤੇ ਕੇਸ ਵਚਿਾਰ ਕਰਨ ਅਤੇ ਫੈਸਲਾ ਲੈਣ ਲਈ | | |

| | | | | |
|---|---|---|---|---|
| | | ਅਗਲੇਰੀ ਲੋੜੀਂਦੀ ਕਾਰਵਾਈ ਹੱਿਤ ਰਪੋਿਰਟ ਪੇਸ਼ ਹੈ ਜੀ।<br><br>ਸਬ-ਕਮੇਟੀ ਦਾ ਫੈਸਲਾ: ਦਰਖਾਸਤਕਰਤਾ ਵੱਲੋਂ ਦਿੱਤੀ ਦਰਖਾਸਤ ਮਿਆਦ ਅੰਦਰ ਨਾ ਹੋਣ ਕਾਰਨ ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ ਨਿਗਮ ਦੇ ਕਾਨੂੰਨੀ ਸਲਾਹਕਾਰ ਪਾਸੋਂ ਰਾਏ ਲੈਣ ਉਪਰੰਤ ਸਬ-ਕਮੇਟੀ ਸਨਮੁੱਖ ਪੇਸ਼ ਕੀਤੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।<br><br>4 :<br>ਰਿਪੋਰਟ ਸਿਹਤ ਸ਼ਾਖਾ ਕਿ ਸਵ ਅੰਜੂ ਪਤਨੀ ਉਮ ਪ੍ਰਕਾਸ਼ ਬਤੋਰ ਸਫਾਈ ਸੇਵਿਕਾ :ਨਗਰ ਨਿਗਮ ਬਠਿੰਡਾ ਵਿਖੇ ਕੰਮ ਕਰਦੀ ਸੀ, ਜਿਸਦੀ ਮੋਤ ਸਰਵਿਸ ਦੋਰਾਨ ਮਿਤੀ 12.09.2019 ਨੂੰ ਹੋ ਗਈ ਹੈ। ਜਿਸਦੀ ਜਨਮ ਮਿਤੀ ਸਰਵਿਸ ਰਿਕਾਰਡ ਵਿੱਚ 22.08.1989 ਦਰਜ਼ ਹੈ ਜੋ ਕਿ ਮੈਡੀਕਲ ਸਰਟੀਫਿਕੇਟ ਦੇ ਆਧਾਰ ਤੇ ਦਰਜ਼ ਕੀਤੀ ਗਈ ਹੈ। ਮ੍ਰਿਤਕ ਕਰਮਚਾਰਣ ਦੇ ਵਾਰਸ ਸ੍ਰੀ ਰਾਕੇਸ਼ ਕੁਮਾਰ ਨੇ ਤਰਸ ਦੇ ਆਦਾਰ ਤੇ ਨੋਕਰੀ ਪ੍ਰਾਪਤ ਕਰਨ ਲਈ ਦਰਖਾਸਤ ਮਿਤੀ 25.09.2019 ਨੂੰ ਦਿੱਤੀ ਗਈ ਸੀ। ਜਿਸ ਵਿੱਚ ਬੇਨਤੀਕਰਤਾ ਦੀ ਉਮਰ ਆਧਾਰ ਕਾਰਡ ਅਤੇ ਹਲਫੀਆ ਬਿਆਨ ਅਨੁਸਾਰ 05.12.1999 ਹੈ। ਇਸ ਤਰ੍ਹਾ ਸਵਅੰਜੂ ਪਤਨੀ ਉਮ ਪ੍ਰਕਾਸ਼ ਅਤੇ ਉਸਦੇ ਪੁੱਤਰ ਰਾਕੇਸ਼ ਕੁਮਾਰ ਦੀ : ਉਮਰ ਵਿੱਚ ਸਿਰਫ10 ਸਾਲ ਦਾ ਫਰਕ ਹੈ। ਮ੍ਰਿਤਕ ਕਰਮਚਾਰਨ ਦੇ ਵਾਰਸ ਵੱਲੋਂ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਸਦੇ ਮਾਤਾ ਸਵ : ਅੰਜੂ ਦੀ ਅਸਲ ਜਨਮ ਮਿਤੀ10.03.1982 ਹੈ। ਮ੍ਰਿਤਕ ਕਰਮਚਾਰਨ ਅੰਜੂ ਪਤਨੀ ਉਮ ਪ੍ਰਕਾਸ਼ ਦੀ ਜਨਮ ਮਿਤੀ ਦਰੱੁਸਤ ਕਰਨ ਲਈ ਉਸਦੇ ਪੁੱਤਰ ਰਾਕੇਸ਼ ਕੁਮਾਰ ਵੱਲੋਂ ਮ੍ਰਿਤਕ ਕਰਮਚਾਰਨ ਦੇ ਪੰਜਵੀ ਅਤੇ ਦਸਵੀ ਦੇ ਪ੍ਰਮਾਣ ਪੱਤਰ ਦੀ ਕਾਪੀ ਸਬੂਤ ਵੱਜੋਂ ਜਮ੍ਹਾਂ ਕਰਵਾਈ ਗਈ ਹੈ।<br>ਇਸ ਸਬੰਧ ਵਿੱਚ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਵੱਲੋਂ ਪੱਤਰ ਨੰਬਰ ਸ2–ਡਸਸ-ਮਸਸ-2022/17470 ਮਿਤੀ 23.05.2022 ਰਾਹੀਂ ਲਿਖਿਆ ਗਿਆ ਹੈ ਕਿ ਮ੍ਰਿਤਕ ਕਰਮਚਾਰਨ ਸਵਅੰਜੂ ਪਤਨੀ ਉਮ ਪ੍ਰਕਾਸ਼ ਸਫਾਈ ਸੇਵਿਕਾ ਦੀ : ਜਨਮ ਮਿਤੀ ਬਦਲਣ ਤੋ ਪਹਿਲਾ ਆਪਣੇ ਪੱਧਰ ਤੇ ਉਸਦੇ ਅਸਲ ਦਸਤਾਵੇਜ਼ਾਂ ਦੀ ਘੋਖ ਪੜਤਾਲ ਕਰਨ ਉਪਰੰਤ ਉਸਦੇ ਸਰਵਿਸ ਰਿਕਾਰਡ ਵਿੱਚ ਇੰਦਰਾਜ਼ ਕੀਤਾ ਜਵੇ ਅਤੇ ਉਸ ਉਪਰੰਤ ਹੀ ਰੂਲਾਂਹਦਾਇਤਾਂ ਅਨੁਸਾਰ ਉਸਦੇ ਪੁੱਤਰ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਸਬੰਧੀ / ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।<br>ਉਕਤ ਕੇਸ ਸਬੰਧੀ ਡਿਪਟੀ ਕੰਟਰੋਲਰ ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਕਰਮਚਾਰੀ ਦੀ (ਵਿੱਤ ਤੇ ਲੇਖਾ) | | |

ਮੌਤ ਉਪਰੰਤ ਉਸਦੇ ਰਿਕਾਰਡ ਵਿੱਚ ਜਨਮ ਤਾਰੀਖ ਜਾਂ ਕਿਸੇ ਹੋਰ ਤਰ੍ਹਾਂ ਦੀ ਤਬਦੀਲੀ ਕਰਨ ਸਬੰਧੀ ਕੋਈ ਨਿਯਮਾਂ ਜਾਂ ਹਦਾਇਤ ਅਜੇ ਤੱਕ ਧਿਆਨ ਵਿੱਚ ਨਹੀਂ ਹੈ।

ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਕਿ "As per Rules, DOB of any employee, if entered wrong in official documents, can be amended within 2 years of employment (D.O.J). Therefore, the date which is entered in office record will be considered actual date of birth.

It is therefore, proposed that request for appointment on compenssionate grounds after amending D.O.B of a deceased person may be declined".

ਉਕਤ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Perused. The policy on compenssionate appointments is clear. Just because the deceased was apparently guilty of having submitted a wrong D.O.B will not deprive his child of his/ her legitimate claim for compassionate appointment. As per record date of birth of deceased is 10.03.82 but as per record it has been taken as 1989. The applicant D.O.B. is 2002 and thus if actual D.O.B. is considered, the deceased was almost 20 year old at time of birth of applicant. A lie that was spoken by deceased can't be reason to deny compassionate appointment. Her wrong act can't now be considered for any action, post her death.

Case be referred back to Sub-Committee on above lines.

ਉਕਤ ਅਨੁਸਾਰ ਕੇਸ ਸਬਕਮੇਟੀ ਦੇ ਵਿਚਾਰ ਹਿੱਤ।-

ਸਬ-ਕਮੇਟੀ ਦਾ ਫੈਸਲਾ: ਰੱਦ ਕੀਤਾ ਜਾਂਦਾ ਹੈ।

5 :

ਰਿਪੋਰਟ ਸਿਹਤ ਸ਼ਾਖਾ ਕਿ ਸਵ ਕਿਸ਼ਨ ਪੁੱਤਰ ਲੱਲੂ ਰਾਮ ਸਰਵਿਸ ਨੰਬਰ :508, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 21.06.2023 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਜਗਸੀਰ ਸਿੰਘ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਤੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਜਗਸੀਰ ਸਿੰਘ ਪੁੱਤਰ ਕਿਸ਼ਨ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸਦੀ ਮਾਤਾ, ਤਿੰਨ ਭੈਣਾਂ (ਦੋ ਵਿਆਹੀਆਂ ਅਤੇ ਇੱਕ ਕੁਆਰੀ), ਜਿੰਨ੍ਹਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਸ਼੍ਰੀ ਜਗਸੀਰ ਸਿੰਘ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਇੱਥੇ ਦਸਣਯੋਗ ਹੈ ਕਿ ਜਗਸੀਰ ਸਿੰਘ ਦਾ ਇੱਕ ਭਰਾ ਪਰਮਜੀਤ ਸਿੰਘ ਹੈ, ਜਿਸਨੂੰ ਉਸਦੇ ਮਾਤਾ ਪਿਤਾ ਵੱਲੋਂ ਪਹਿਲਾਂ ਹੀ ਬੇਜਿਸਦਾ ਇਸ਼ਤਿਹਾਰ ਸਬੂਤ ਵੱਜੋਂ ਨਾਲ ਨੱਥੀ ਹੈ। ਸ਼੍ਰੀ ।ਦਖਲ ਕੀਤਾ ਜਾ ਚੁੱਕਾ ਹੈ- ਜਗਸੀਰ ਸਿੰਘ ਅਤੇ ਉਸਦਾ ਪੂਰਾ ਪਰਿਵਾਰਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਜਗਸੀਰ ਸਿੰਘ ਬੇਰੁਜ਼ਗਾਰ ਹੈ

| | | | | |
|---|---|---|---|---|
| | | ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਇਸਦੀ ਜਨਮ ਮਿਤੀ 12.02.1993 ਹੈ ਅਤੇ ਸ਼੍ਰੀ ਜਗਸੀਰ ਸਿੰਘ ਬਾਰ੍ਹਵੀਂ ਪਾਸ ਹੈ।<br><br>ਪੰਜਾਬ ਮਿਉਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲਈ ਵਿਦਅਕ ਯੋਗਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11//94/2002-4ਪੀਪੀ-11/650 ਮਿਤੀ 12.04.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/203-1ਸਸ1/9653 ਮਿਤੀ 12/14-06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ।<br>ਇਸ ਲਈ ਸ਼੍ਰੀ ਜਗਸੀਰ ਸਿੰਘ ਨੂੰ ਉਸਦੇ ਪਿਤਾ ਸਵਕਿਸ਼ਨ ਪੁੱਤਰ ਲੱਲੂ ਰਾਮ ਸਫਾਈ ਸੇਵਕ ਦੀ ਮੋਤ ਕਾਰਨ ਖਾਲੀ ਹੋਈ : ਆਸਾਮੀ ਤੇ ਤਰਸ ਦੇ ਆਦਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਮਾਨਯੋਗਕਮਿਸ਼ਨਰ ਜੀ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਡਿਪਟੀ ) (ਵਿੱਤ ਤੇ ਲੇਖਾ)ਕੰਟਰੋਲਰ , ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮਤੋਂ ਰਿਪੋਰਟ ਲੈਣ ਲਈ ਅਗਲੇਰੀ ਕਾਰਵਾਈ ਕਰਨ ਲਈ (.ਸੀ. ਹਦਾਇਤ ਕੀਤੀ ਗਈ।<br>ਤਿੰਨ ਮੈਂਬਰੀ ਕਮੇਟੀ ਵੱਲੋਂ ਰਿਪੋਰਟ ਕੀਤੀ ਗਈ ਕਿ "ਉਕਤ ਸਬੰਧੀ ਮੁੱਹਲੇ ਵਿੱਚੋਂ ਪੁੱਛ ਪੜਤਾਲ ਕੀਤੀ ਗਈ ਹੈ, ਜੋ ਕਿ ਸਵ : ਕਿਸ਼ਨ ਪੁੱਤਰ ਲੱਲੂ ਰਾਮ ਸਰਵਿਸ ਨੰਬਰ508, ਨਗਰ ਨਿਗਮ ਬਠਿੰਡਾ ਵਿਖੇ ਤਬੋਰ ਰੈਗੂਲਰ ਸਫਾਈ ਸੇਵਕ ਦੀ ਆਸਾਮੀ ਤੇ ਕੰਮ ਕਰਦਾ ਸੀ, ਜਿਸਦੀ ਮੋਤ ਮਿਤੀ 21.06.2023 ਨੂੰ ਹੋਈ ਸੀ। ਹੁਣ ਉਸਦਾ ਲੜਕਾ ਜਗਸੀਰ ਸਿੰਘ ਪੁੱਤਰ ਕਿਸ਼ਨ ਪੁੱਤਰ ਲੱਲੂ ਰਾਮ ਵੱਲੋਂ ਤਰਸ ਦੇ ਆਧਾਰ ਤੇ ਨੋਕਰੀ ਲੈਣ ਲਈ ਦਰਖਾਸਤ ਦਿੱਤੀ ਗਈ ਹੈ। ਪੜਤਾਲ ਦੋਰਾਨ ਪਾਇਆ ਗਿਆ ਕਿ ਜਗਸੀਰ ਸਿੰਘ ਪੁੱਤਰ ਸਵਕਿਸ਼ਨ :, ਮਕਾਨ ਨੰਬਰ 12858, ਗਲੀ ਨੰਬਰ 3, ਆਜ਼ਾਦ ਨਗਰ ਦੇ ਨੇੜੇ, ਪ੍ਰਜਾਪਤ ਕਲੋਨੀ ਬਠਿੰਡਾ ਦਾ ਰਹਿਣ ਵਾਲਾ ਹੈ। ਇਸ ਪਰਿਵਾਰ ਪਾਸ ਸਵਕਿਸ਼ਨ ਤੋਂ : ਇਲਾਵਾ ਹੋਰ ਕੋਈ ਕਮਾਉਣ ਵਾਲਾ ਨਹੀਂ ਹੈ। ਜਿਸਦੀ ਪੜਤਾਲ ਦੋਰਾਨ ਉਹਨਾਂ ਦੇ ਗੁਆਂਢੀ ਪਵਨ ਕੁਮਾਰ ਪੁੱਤਰ ਸ਼੍ਰੀ ਉਮ ਪ੍ਰਕਾਸ਼ ਅਤੇ ਸਪਨਾ ਉਕਤ ਤਸਦੀਕੀ ਅਤੇ । ਰਾਣੀ ਪਤਨੀ ਸ਼੍ਰੀ ਸੁਰਿੰਦਰ ਕੁਮਾਰ ਨੇ ਤਸਦੀਕੀ ਕੀਤੀ ਹੈ। ਇਹਨਾਂ ਦੇ ਆਧਾਰ ਕਾਰਡ ਦੀ ਕਾਪੀ ਨਾਲ ਨੱਥੀ ਹੈ ਪਰਿਵਾਰ ਦੇ ਹਾਲਾਤਾਂ ਨੂੰ ਵਿਚਾਰਦੇ ਹੋਏ ਜਗਸੀਰ ਸਿੰਘ ਪੁੱਤਰ ਸਵਕਮੇਟੀ ਦੇ -ਕਿਸ਼ਨ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਹਿੱਤ ਕੇਸ ਸਬ : ਵਿਚਾਰ ਹਿੱਤ। | | |

| | | | | |
|---|---|---|---|---|
| | | ਸਬ-ਕਮੇਟੀ ਦਾ ਫੈਸਲਾ: ਦਰਖਾਸਤਕਰਤਾ ਦੇ ਭਰਾ ਸ੍ਰੀ ਪਰਮਜੀਤ ਸਿੰਘ ਨੂੰ ਦਫਤਰ ਵਿਖੇ ਬੁਲਾਕੇ ਉਸ ਪਾਸੋਂ ਸ੍ਰੀ ਜਗਸੀਰ ਸਿੰਘ ਨੂੰ ਨੌਕਰੀ ਦੇਣ ਸਬੰਧੀ ਇਤਰਾਜ਼ਹੀਨਤਾ ਸਰਟੀਫਿਕੇਟ ਸਬੰਧੀ ਹਲਫੀਆ ਬਿਆਨ ਲਿਆ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਂਡਿੰਗ ਰੱਖਿਆ ਜਾਂਦਾ ਹੈ।<br><br>6 :<br>ਰਿਪੋਰਟ ਸਿਹਤ ਸ਼ਾਖਾ ਕਿ ਸਵ: ਪਰਦੀਪ ਕੁਮਾਰ ਪੁੱਤਰ ਸ੍ਰੀ ਰਜੇਸ਼ ਕੁਮਾਰ, ਨਗਰ ਨਿਗਮ ਬਠਿੰਡਾ ਵਿਖੇ ਪੱਕੇ ਤੋਰ ਤੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸਦੀ ਮੋਤ ਮਿਤੀ 03.08.2023 ਨੂੰ ਹੋਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਰਿੰਕੀ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੋਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੋਕਰੀ ਦਿੱਤੀ ਜਾਵੇ। ਸ੍ਰੀਮਤੀ ਰਿੰਕੀ ਪਤਨੀ ਸਵ: ਪਰਦੀਪ ਕੁਮਾਰ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੇ ਦੋ ਬੱਚੇ ਹਨ ਜੋ ਕਿ ਨਾ-ਬਾਲਗ ਹਨ। ਸ੍ਰੀਮਤੀ ਰਿੰਕੀ ਅਤੇ ਉਸਦਾ ਪੂਰਾ ਪਰਿਵਾਰ ਉਸਦੇ ਪਤੀ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ੍ਰੀਮਤੀ ਰਿੰਕੀ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਇਸਦੀ ਜਨਮ ਮਿਤੀ 01.01.1994 ਹੈ ਅਤੇ ਸ੍ਰੀਮਤੀ ਰਿੰਕੀ ਪੜ੍ਹਨਾ ਲਿਖਣਾ ਜਾਣਦੀ ਹੈ।<br>ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ ਜਾਣਦਾ ਲਿਖਣਾ-ਣਾਪੜ੍ਹ ਯੋਗਤਾ ਵਿੱਦਿਅਕ ਲਈ ਆਸਾਮੀ ਸੇਵਕ ਸਫਾਈ ਅਨੁਸਾਰ 1984 4-2002/94/11 :ਨੰ ਪੱਤਰ ਹਦਾਇਤਾਂ ਜਾਰੀ ਵੱਲੋਂ ਸਰਕਾਰ ਸਬੰਧੀ ਨਿਯੁਕਤੀਆਂ ਤੇ ਆਧਾਰ ਦੇ ਤਰਸ ਹੋਵੇ।ਪੀਪੀ 650/11-ਮਿਤੀ 12.01.2004 14420-ਪੀਪੀ04/98/105/11 ਨੰਬਰ ਪੱਤਰ ਅਤੇਮਿਤੀ ਕੇਸ ਲਈ ਨਿਯੁਕਤੀ ਤੇ ਆਧਾਰ ਦੇ ਤਰਸ ਕੇਸ ਇਹ ਅਨੁਸਾਰ 21.11.2002 ਹੈ ਜਾਣਾ ਵਿਚਾਰਿਆ।ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ -2003/65/2।ਸਸ। 9653/ਮਿਤੀ ਨਿਗਮਾਂ ਨਗਰ ਅਨੁਸਾਰ 2004-6-14/12 ਹੈ। ਪਾਸ ਨਿਗਮ ਨਗਰ ਸਬੰਧਤ ਅਧਿਕਾਰ ਦਾ ਨਿਯੁਕਤੀ ਲਈ ਅਸਾਮੀਆਂ ਪ੍ਰਾਂਤੀਕਰਨ ਗੈਰ ਵਿਖੇਇਸ ਲਈ ਸ੍ਰੀਮਤੀ ਰਿੰਕੀ ਨੂੰ ਉਸਦੇ ਪਤੀ ਪਰਦੀਪ ਕੁਮਾਰ ਪੁੱਤਰ ਸ੍ਰੀ ਰਜੇਸ਼ ਕੁਮਾਰ ਸਫਾਈ ਸੇਵਕ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਤੇ ਵਿਚਾਰ ਕਰਨ ਹਿੱਤ ਰਿਪੋਰਟ ਕੀਤੀ ਗਈ।<br>ਇਸਤੇ ਚੀਫ ਸੈਨਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੇ "ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 07.06.2023 ਰਾਹੀਂ ਬਿਨੈਕਾਰ ਦੀ ਮਾਲੀ ਹਾਲਤ ਅਤੇ ਹੋਰ ਰਿਪੋਰਟ ਲਈ ਕਮੇਟੀ ਗਠਿਤ ਕਰਨ ਹਿੱਤ ਰਿਪੋਰਟ ਕੀਤੀ ਗਈ। | | |

| | | | | |
|---|---|---|---|---|
| | | ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਕਿ"Committee has already been formed for such cases in another file, same Committee shall be applicable for all such cases".<br><br>ਸਿਹਤ ਸ਼ਾਖਾ ਵੱਲੋਂ ਰਿਪੋਰਟ ਕੀਤੀ ਗਈ ਕਿ ਸਵਪਰਦੀਪ ਕੁਮਾਰ ਪੁੱਤਰ ਸ਼੍ਰੀ ਰਜੇਸ਼ ਕੁਮਾਰ :, ਸਫਾਈ ਸੇਵਕ ਦੀ ਮੋਤ ਮਿਤੀ 03.08.2023 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸ੍ਰੀਮਤੀ ਰਿੰਕੀ ਵੱਲੋਂ ਤਰਸ ਦੇ ਆਧਾਰ ਤੇ ਨੋਕਰੀ ਲਈ ਦਰਖਾਸਤ ਦਿੱਤੀ ਗਈ ਹੈ। ਤਰਸ ਦੇ ਆਧਾਰ ਤੇ ਨੋਕਰੀ ਸਬੰਧੀ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਏਰੀਆ ਸੈਨਟਰੀ ਇੰਸਪੈਕਟਰ ਸ਼੍ਰੀ ਅਜਮੇਰ ਸਿੰਘ ਅਤੇ ਏਰੀਆ ਐਮਸੀ ਸ਼੍ਰੀ ਰਤਨ ਰਾਹੀਂ ਹਨ। ਕ.ਮੇਟੀ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "ਮੁੱਹਲੇ ਵਿੱਚੋਂ ਪੁੱਛ ਪੜਤਾਲ ਕੀਤੀ ਗਈ। ਸਵਪਰਦੀਪ ਕੁਮਾਰ ਪੁੱਤਰ ਸ਼੍ਰੀ ਰਜੇਸ਼ ਕੁਮਾਰ :, ਨਗਰ ਨਿਗਮ ਵਿਖੇ ਬਤੋਰ ਰੈਗੂਲਰ ਸਫਾਈ ਸੇਵਕ ਦੀ ਆਸਾਮੀ ਤੇ ਕੰਮ ਕਰਦਾ ਸੀ, ਜਿਸਦੀ ਮੋਤ ਮਿਤੀ 03.08.2023 ਨੂੰ ਹੋ ਗਈ ਸੀ। ਹੁਣ ਉਸਦੀ ਵਿਧਵਾ ਸ੍ਰੀਮਤੀ ਰਿੰਕੀ ਵੱਲੋਂ ਤਰਸ ਦੇ ਆਧਾਰ ਤੇ ਨੋਕਰੀ ਲੈਣ ਲਈ ਦਰਖਾਸਤ ਦਿੱਤੀ ਗਈ ਹੈ। ਪੜਤਾਲ ਦੋਰਾਨ ਪਾਇਆ ਗਿਆ ਕਿ ਸ੍ਰੀਮਤੀ ਰਿੰਕੀ ਪਤਨੀ ਸਵਪਰਦੀਪ ਕੁਮਾਰ : ਮਕਾਨ ਨੰਬਰ3118/6, ਗਲੀ ਨੰਬਰ 11/2, ਪਰਸ ਰਾਮ ਨਗਰ ਬਠਿੰਡਾ ਦੀ ਪੱਕੀ ਵਸਨੀਕ ਹੈ। ਇਸ ਪਰਿਵਾਰ ਪਾਸ ਸਵਪਰਦੀਪ ਕੁਮਾਰ : ਕੋਈ ਹੋਰ ਕਮਾਉਣ ਵਾਲਾ ਨਹੀਂ ਹੈ। ਜਿਸਦੀ ਪੜਤਾਲ ਦੋਰਾਨ ਉਹਨਾਂ ਦ ਤੋਂ ਇਲਾਵਾ ਗੁਆਂਢੀ ਸ਼੍ਰੀ ਸੁਰੇਸ਼ ਕੁਮਾਰ ਪੁੱਤਰ ਸ੍ਰੀ ਭੋਰੇ ਲਾਲ ਅਤੇ ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਰਮੇਸ਼ ਸਿੰਘ ਨੇ ਤਸਦੀਕ ਕੀਤਾ ਹੈ। ਜਿਹਨਾਂ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਨਾਲ ਲਗਾਈ ਗਈ ਹੈ"। ਉਕਤ ਤਸਦੀਕੀ ਅਤੇ ਪਰਿਵਾਰ ਦੇ ਹਾਲਾਤਾਂ ਨੂੰ ਵਿਚਾਰਦੇ ਹੋਏ ਵਿਧਵਾ ਸ੍ਰੀਮਤੀ ਰਿੰਕੀ ਪਤਨੀ ਸਵਪਰਦੀਪ ਕੁਮਾਰ ਨੂੰ ਤਰਸ ਦ : ਆਧਾਰ ਤੇ ਨੋਕਰੀ ਦੇਣ ਲਈ ਕੇਸ ਸਬਕਮੇਟੀ ਦੇ ਵਿਚਾਰ ਹਿੱਤ।-<br>ਸਬ-ਕਮੇਟੀ ਦਾ ਫੈਸਲਾ: ਦਫਤਰੀ ਰਿਪੋਰਟ ਅਤੇ ਸਰਕਾਰ ਦੇ ਨਿਯਮਾਂ/ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br>7 :<br>ਰਿਪੋਰਟ ਸਿਹਤ ਸ਼ਾਖਾ ਕਿ ਸਵ: ਰਮੇਸ਼ ਕੁਮਾਰ ਪੁੱਤਰ ਸੋਨੀਆ ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਰਮੇਸ਼ ਕੁਮਾਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਰਮੇਸ਼ ਕੁਮਾਰ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਤੋਂ ਇਲਾਵਾ ਉਸਦੀ ਮਾਤਾ, ਦੋ ਭਰਾ ਅਤੇ ਇੱਕ ਭੈਣ ਹੈ। ਉਸਦੇ ਦੋ ਭਰਾ ਅਤੇ ਭੈਣਾਂ ਵਿਆਹੇ ਹੋਏ ਹਨ ਅਤੇ ਆਪਣੇ ਘਰਬਾਰ ਵੱਲੇ ਹਨ। ਉਸਦੀ ਮਾਤਾ, ਭੈਣ ਅਤੇ ਭਰਾਵਾਂ ਵੱਲੋਂ ਇਤਰਾਜ਼ਹੀਨਤਾ ਹਲਫੀਆ ਬਿਆਨ ਦਿੱਤਾ | | |

| | | | | |
|---|---|---|---|---|
| | | ਗਿਆ ਹੈ ਕਿ ਸ੍ਰੀ ਜਗਦੀਸ਼ ਕੁਮਾਰ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ੍ਰੀ ਜਗਦੀਸ਼ ਕੁਮਾਰ ਪੂਰੀ ਤਰ੍ਹਾਂ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ੍ਰੀ ਜਗਦੀਸ਼ ਕੁਮਾਰ ਬੇਰੁਜ਼ਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹਨਾਂ ਦੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 11.02.1989 ਹੈ ਅਤੇ ਸ਼੍ਰੀਰ ਜਗਦੀਸ਼ ਕੁਮਾਰ ਪੜ੍ਹਨਾ ਲਿਖਣਾ ਜਾਣਦਾ ਹੈ।<br>ਪੰਜਾਬ ਮਿਉਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲਈ ਵਿਿਦਅਕ ਯੋਗਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11//94/2002-4ਪੀਪੀ-11/650 ਮਿਤੀ 12.04.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/203-1ਸਸ1/9653 ਮਿਤੀ 12/14-06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਗਰ ਨਿਗਮ ਪਾਸ ਹੈ।<br>ਇਸ ਸਬੰਧੀ ਸ੍ਰੀ ਸੰਦੀਪ ਕਟਾਰੀਆ, ਚੀਫ ਸੈਂਟਰੀ ਇੰਸਪੈਕਟਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਕਿ "ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 07.06.2023 ਰਾਹੀਂ ਕਮੇਟੀ ਗਠਿਤ ਕਰਨ ਹਿੱਤ ਰਿਪੋਰਟ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ"। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਹੇਠ ਲਿਖੇ ਅਨੁਸਾਰ ਕਮੇਟੀ ਗਠਿਤ ਕੀਤੀ ਗਈ:<br>1. DCFA, Chairman<br>2. SI of area where residence of applicant is situated.<br>3. MC of Area<br><br>ਉਕਤ ਕਮੇਟੀ ਵੱਲੋਂ ਮੌਕਾ ਦੇਖਿਆ ਗਿਆ ਕਿ ਸਵ: ਰਮੇਸ਼ ਕੁਮਾਰ ਪੁੱਤਰ ਸੋਨੀਆ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ। ਜਿਸਦੀ ਮੌਤ ਮਿਤੀ 13.03.2023 ਨੂੰ ਹੋ ਗਈ ਸੀ। ਮ੍ਰਿਤਕ ਰਕਮਚਾਰੀ ਦੇ ਪੁੱਤਰ ਸ੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਰਮੇਸ਼ ਕੁਮਾਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਇਸ ਕੇਸ ਸਬੰਧੀ (ਡਿਪਟੀ ਕੰਟਰੋਲਰ, ਏਰੀਆ ਸੈਨਟਰੀ ਇੰਸਪੈਕਟਰ ਅਤੇ ਏਰੀਆ ਐਮ.ਸੀ) ਤਿੰਨ ਮੈਂਬਰੀ ਕਮੇਟੀ ਦਾ ਗਠਣ ਕੀਤਾ ਗਿਆ ਹੈ। ਉਕਤ ਸਬੰਧੀ ਆਸਪਾਸ ਦੇ ਲੋਕਾਂ ਅਤੇ ਪਰਿਵਾਰਕ ਮੈਂਬਰਾਂ ਤੋਂ ਪੁੱਛ ਪੜਤਾਲ ਕੀਤੀ ਗਈ ਕਿ ਸ੍ਰੀ ਜਗਦੀਸ਼ ਕੁਮਾਰ ਪੁੱਤਰ ਸਵ: ਰਮੇਸ਼ ਕੁਮਾਰ ਦੀ ਮਾਤਾ, ਦੋ ਭਰਾ ਅਤੇ ਇੱਕ ਭੈਣ ਹੈ। ਉਸਦੇ ਦੋ ਭਰਾ ਅਤੇ ਭੈਣ ਵਿਆਹੇ ਹੋਏ ਹਨ ਅਤੇ ਵੱਖਰੇ ਰਹਿੰਦੇ ਹਨ। ਸ਼੍ਰੀਰ ਜਗਦੀਸ਼ ਕੁਮਾਰ ਬੇਰੁਜ਼ਗਾਰ ਹੈ | | |

| | | | | |
